



# Orientation to Ontario

1-855-626-0002
https://settlement.org/o2o

## ਆਪਣੀ ਪਛਾਣ ਦੀ ਰਾਖੀ ਕਰਨਾ

ਕਿਸੇ ਵਲੋਂ ਮਾਲੀ ਫ਼ਾਇਦੇ ਲਈ ਤੁਹਾਡੀ ਪਛਾਣ ਦੀ ਵਰਤੋਂ ਕਰਨਾ, ਪਛਾਣ ਦੀ ਚੋਰੀ ਹੁੰਦੀ ਹੈ। ਉਹ ਤੁਹਾਡੇ ਬੈਂਕ ਖਾਤੇ ਤੋਂ ਪੈਸਾ ਚੋਰੀ ਕਰ ਸਕਦਾ ਹੈ ਜਾਂ ਤੁਹਾਡੇ ਨਾਂ 'ਤੇ ਕ੍ਰੈਡਿਟ ਕਾਰਡ ਜਾਂ ਮੋਬਾਈਲ ਫੋਨ ਸੇਵਾ ਲੈ ਸਕਦਾ ਹੈ। ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਆਪਣੀ ਨਿਜੀ ਜਾਣਕਾਰੀ ਅਤੇ ਦਸਤਾਵੇਜ਼ ਸੁਰੱਖਿਅਤ ਰੱਖੋ।

- ਤੁਹਾਨੂੰ ਆਪਣੇ ਸੋਸ਼ਲ ਇੰਸ਼ੋਰੈਂਸ ਨੰਬਰ (SIN) ਦੀ ਰਾਖੀ ਜ਼ਰੂਰ ਕਰਨੀ ਚਾਹੀਦੀ ਹੈ। ਆਪਣੀ SIN ਦੇ ਨਾਲ ਦਸਤਾਵੇਜ਼ ਸੁਰੱਖਿਅਤ ਥਾਂ ਵਿੱਚ ਰੱਖੋ।
- ਤੁਹਾਨੂੰ ਆਪਣਾ SIN ਸਿਰਫ਼ ਆਪਣੇ ਨੌਕਰੀਦਾਤਾ, ਸਰਕਾਰੀ ਏਜੰਸੀਆਂ ਅਤੇ ਮਾਲੀ ਸੰਸਥਾਵਾਂ ਨੂੰ ਦੇਣਾ ਚਾਹੀਦਾ ਹੈ।
- ਪਾਸਪੋਰਟ ਅਤੇ ਇਮੀਗ੍ਰੇਸ਼ਨ ਦੀ ਕਾਗਜ਼ੀ-ਕਾਰਵਾਈ ਵਰਗੇ ਹੋਰ ਅਹਿਮ ਦਸਤਾਵੇਜ਼ ਸੁਰੱਖਿਅਤ ਥਾਂ ਵਿੱਚ ਰੱਖੋ।
- ਅਨਜਾਣ ਇੰਦਰਾਜ ਲਈ ਆਪਣੇ ਬੈਂਕ ਅਤੇ ਕ੍ਰੈਡਿਟ ਕਾਰਡਾਂ ਦੀਆਂ ਸਟੇਟਮੈਂਟਾਂ ਦੀ ਬਾਕਾਇਦਗੀ ਨਾਲ ਜਾਂਚ ਕਰੋ।
- ਜੇ ਤੁਹਾਡਾ ਬਟੂਆ ਗੁਆਚ ਜਾਂਦਾ ਹੈ, ਤਾਂ ਆਪਣੇ ਕ੍ਰੈਡਿਟ ਕਾਰਡ ਰੱਦ ਕਰੋ ਅਤੇ ਆਪਣੀ ਪਛਾਣ ਗੁਆਚਣ ਦੀ ਫ਼ੌਰਨ ਰਿਪੋਰਟ ਕਰੋ।

ਜੇ ਤੁਹਾਡਾ ਡ੍ਰਾਈਵਿੰਗ ਲਾਇਸੈਂਸ ਜਾਂ ਸਿਹਤ ਕਾਰਡ ਗੁਆਚ ਜਾਂਦਾ ਹੈ, ਤਾਂ ਸਰਵਿਸ ਓਂਟਾਰੀਓ ਨਾਲ ਸੰਪਰਕ ਕਰੋ।

- ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਸੋਸ਼ਲ ਇੰਸ਼ੋਰੈਂਸ ਨੰਬਰ ਚੋਰੀ ਹੋ ਗਿਆ ਹੈ, ਤਾਂ ਸਰਵਿਸ ਕਨੇਡਾ ਨਾਲ ਸੰਪਰਕ ਕਰੋ।

### ਸਾਈਬਰ ਸੁਰੱਖਿਆ

ਆਪਣੀ ਆਨਲਾਈਨ ਜਾਣਕਾਰੀ ਅਤੇ ਪਛਾਣ ਦੀ ਰਾਖੀ ਕਿਵੇਂ ਕੀਤੀ ਜਾਏ, ਹੀ ਸਾਈਬਰ ਸੁਰੱਖਿਆ ਹੈ। ਸਾਈਬਰ ਸੁਰੱਖਿਆ ਵਿੱਚ ਆਪਣੇ ਕੰਪਿਊਟਰ ਅਤੇ ਹੋਰ ਉਪਕਰਣਾਂ ਦੀ ਰਾਖੀ ਕਰਨਾ ਵੀ ਸ਼ਾਮਿਲ ਹੈ।

- ਆਪਣੇ ਕੰਪਿਊਟਰ, ਫੋਨ ਅਤੇ ਟੈਬਲੇਟ 'ਤੇ ਮਜ਼ਬੂਤ ਪਾਸਵਰਡਾਂ ਦੀ ਵਰਤੋਂ ਕਰੋ।
- ਆਪਣੇ ਕੰਪਿਊਟਰ 'ਤੇ ਐਂਟੀ-ਵਾਇਰਸ ਸਾਫ਼ਟਵੇਅਰ ਦੀ ਵਰਤੋਂ ਕਰੋ।
- ਕਿਸੇ ਨਾਲ ਵੀ ਆਪਣੇ ਪਾਸਵਰਡ ਜਾਂ ਨਿਜੀ ਜਾਣਕਾਰੀ ਨੰਬਰ (*PIN*) ਸਾਂਝੇ ਨਾ ਕਰੋ।
- ਪਬਲਿਕ ਕੰਪਿਊਟਰਾਂ ਦੀ ਵਰਤੋਂ ਕਰਨ ਵੇਲ਼ੇ ਵੈਬਸਾਈਟਾਂ ਹਮੇਸ਼ਾ ਲੌਗ ਆਫ਼ ਕਰੋ।
- ਅਨਜਾਣ ਲੋਕਾਂ ਵਲੋਂ ਭੇਜੀਆਂ ਗਈਆਂ ਈਮੇਲਾਂ ਵਿੱਚ ਅਟੈਚਮੈਂਟਾਂ ਜਾਂ ਲਿੰਕਾਂ 'ਤੇ ਕਲਿੱਕ ਨਾ ਕਰੋ।
- ਆਪਣੇ ਸੋਸ਼ਲ ਮੀਡੀਆ ਖਾਤਿਆਂ 'ਤੇ ਰਾਜ਼ਦਾਰੀ ਵਾਲੀਆਂ ਸੈਟਿੰਗਾਂ ਵੇਖੋ ਅਤੇ ਨਿਜੀ ਜਾਣਕਾਰੀ ਸਾਂਝੀ ਨਾ ਕਰੋ।

### ਘੋਟਾਲ਼ਿਆਂ ਤੋਂ ਬਚਣਾ

ਘਰੋਂ-ਘਰੀ ਜਾਕੇ ਹੀਟਿੰਗ, ਕੂਲਿੰਗ ਅਤੇ ਪਾਣੀ ਦੇ ਉਤਪਾਦ ਵੇਚਣ ਜਾਂ ਸੇਵਾਵਾਂ ਦੇਣ ਵਾਲੀਆਂ ਕੰਪਨੀਆਂ ਲਈ ਇੰਜ ਕਰਨਾ ਗ਼ੈਰਕਾਨੂੰਨੀ ਹੈ। ਇਹਨਾਂ ਕੰਪਨੀਆਂ ਦੀਆਂ ਉਦਾਹਰਣਾਂ ਵਿੱਚ ਭੱਠੀਆਂ, ਵਾਟਰ ਹੀਟਰ, ਏਅਰ ਕੰਡੀਸ਼ਨਰ ਅਤੇ ਡੱਕਟ ਦੀ ਸਫ਼ਾਈ ਦੀਆਂ ਸੇਵਾਵਾਂ ਸ਼ਾਮਿਲ ਹਨ। ਜੇ ਤੁਸੀਂ ਇਹਨਾਂ ਉਤਪਾਦਾਂ ਜਾਂ ਸੇਵਾਵਾਂ ਵਿੱਚੋਂ ਕਿਸੇ ਲਈ ਇਕਰਾਰਨਾਮੇ 'ਤੇ ਦਸਤਖ਼ਤ ਕੀਤੇ ਹਨ, ਤਾਂ ਇਸ ਨੂੰ ਅਵੈਧ ਮੰਨਿਆ ਜਾਂਦਾ ਹੈ।

ਕੁਝ ਮੁਜਰਮ ਕਨੇਡਾ ਰੈਵਿਨਿਊ ਏਜੰਸੀ (CRA) ਜਾਂ ਪੁਲਿਸ ਤੋਂ ਹੋਣ ਦਾ ਕਹਿਕੇ ਫੋਨ 'ਤੇ ਲੋਕਾਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਨਾ ਤਾਂ CRA, ਨਾ ਹੀ ਪੁਲਿਸ ਦੇ ਅਫ਼ਸਰ ਪੈਸੇ ਦੀ ਮੰਗ ਕਰਨ ਜਾਂ ਧਮਕਾਉਣ ਲਈ ਤੁਹਾਨੂੰ ਕਾਲ ਕਰਨਗੇ। ਜੇ ਤੁਹਾਨੂੰ ਕਾਲ ਆਉਂਦੀ ਹੈ, ਜਿਸ ਵਿੱਚ ਤੁਹਾਨੂੰ ਪੈਸਾ ਜਾਂ ਨਿਜੀ ਜਾਣਕਾਰੀ ਭੇਜਣ ਲਈ ਕਿਹਾ ਜਾਂਦਾ ਹੈ, ਤਾਂ ਕਾਲ ਕਰਨ ਵਾਲੇ ਤੋਂ ਹੋਰ ਜਾਣਕਾਰੀ ਲਈ ਪੁੱਛੋ ਜਾਂ ਉਸ ਨੂੰ ਆਪਣੇ ਸੁਪਰਵਾਈਜ਼ਰ ਨਾਲ ਗੱਲ ਕਰਨ ਲਈ ਕਹੋ। ਜੇ ਕਾਲ ਕਰਨ ਵਾਲਾ ਮਨ੍ਹਾ ਕਰਦਾ ਹੈ, ਤਾਂ ਕਾਲ ਬੰਦ ਕਰ ਦਿਓ। ਜੇ ਤੁਹਾਨੂੰ ਅਜਿਹੀਆਂ ਫੋਨ ਕਾਲ ਆਉਂਦੀਆਂ ਹਨ, ਤਾਂ ਉਹਨਾਂ ਬਾਰੇ ਪੁਲਿਸ ਨੂੰ ਰਿਪੋਰਟ ਕਰੋ।



Funded by / Financé par

Immigration, Refugees and Citizenship Canada

Immigration, Réfugiés et Citoyenneté Canada

Ontario

## ਸ੍ਰੋਤ

Ontario Ministry of Government and Consumer Services (ਓਂਟਾਰੀਓ ਸਰਕਾਰ ਅਤੇ ਖਪਤਕਾਰ ਸੇਵਾਵਾਂ ਬਾਰੇ ਮਹਿਕਮਾ)
www.ontario.ca/page/consumer-protection-ontario

Better Business Bureau (BBB) - ਬੈਟਰ ਬਿਜ਼ਨਸ ਬਿਊਰੋ www.bbb.org/en/ca

Canadian Anti-Fraud Centre (ਕਨੇਡਾ ਦਾ ਐਂਟੀ-ਫ੍ਰੱਡ ਸੈਂਟਰ ) **1-888-495-8501**

ਅਣਚਾਹੀਆਂ ਜਾਂ ਸ਼ੱਕੀ ਈਮੇਲ spam@fightspam.gc.ca 'ਤੇ ਭੇਜੋ।

ਓਂਟਾਰੀਓ ਸਰਕਾਰ ਦੀ ਵੈਬਸਾਈਟ 'ਤੇ ਪਛਾਣ ਦੀ ਚੋਰੀ ਬਾਰੇ ਹੋਰ ਜਾਣੋ:

www.ontario.ca/page/how-avoid-or-recover-identity-theft

ਆਪਣੇ ਸਥਾਨਕ ਪੁਲਿਸ ਮਹਿਕਮੇ ਨੂੰ ਸਾਈਬਰ ਸੁਰੱਖਿਆ ਦੀਆਂ ਘਟਨਾਵਾਂ ਜਾਂ ਪਛਾਣ ਦੀ ਚੋਰੀ ਬਾਰੇ ਰਿਪੋਰਟ ਕਰਨੀ।

